MINISTRY OF EDUCATION, SINGAPORE
in collaboration with
UNIVERSITY OF CAMBRIDGE LOCAL EXAMINATIONS SYNDICATE
General Certificate of Education Ordinary Level

**PANJABI** **3203/02**

Paper 2 Language Usage and Comprehension

October/November 2006

**1 hour 30 minutes**

Additional Materials: Answer Sheet

**READ THESE INSTRUCTIONS FIRST**

Write your Centre number, index number and name on all the work you hand in.
Write in dark blue or black pen.
Do not use staples, paper clips, highlighters, glue or correction fluid.

Answer **all** questions.

At the end of the examination, fasten all your work securely together.
The number of marks is given in brackets [ ] at the end of each question or part question.

This document consists of **8** printed pages and **4** blank pages.

Singapore Examinations and Assessment Board

SP (SJF4040/TL) T07262/4
© UCLES & MOE 2006

UNIVERSITY of CAMBRIDGE International Examinations

BLANK PAGE

## A1 Combination of Words [10]

**ਸਮਾਸੀ ਸ਼ਬਦ**

*'ਸਮ' ਜਾਂ 'ਬਾਜ਼ੀ' ਨੂੰ ਹੇਠਾਂ ਦਿੱਤੇ ਪੰਜ ਮੂਲ ਸ਼ਬਦਾਂ ਨਾਲ ਜੋੜ ਕੇ ਪੰਜ ਉੱਚਿਤ ਸਮਾਸੀ ਸ਼ਬਦ ਬਣਾਓ :*

1 ਚਾਲ

2 ਕਾਲੀ

3 ਇਸ਼ਤਿਹਾਰ

4 ਧੋਖੇ

5 ਰੂਪ

## A2 Idioms, Proverbs and Words in Pairs [10]

**ਮੁਹਾਵਰੇ, ਅਖਾਣ , ਵਾਕਅੰਸ਼**

*ਹੇਠ ਦਿੱਤੇ ਵਾਕਾਂ ਵਿੱਚ ਖਾਲੀ ਥਾਂਵਾਂ ਛੱਡੀਆਂ ਗਈਆਂ ਹਨ। ਕੁਝ ਮੁਹਾਵਰੇ, ਅਖਾਣ, ਵਾਕਅੰਸ਼ ਥੱਲੇ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਢੁਕਵੀਂ ਚੋਣ ਕਰਕੇ ਵਾਕਾਂ ਦੀਆਂ ਖਾਲੀ ਥਾਂਵਾਂ ਭਰਨ ਲਈ ਉਨ੍ਹਾਂ ਦੇ ਉੱਤਰ ਢੁਕਵੇਂ ਸਵਾਲ ਦੇ ਨੰਬਰ ਸਾਹਮਣੇ ਆਪਣੇ ਉੱਤਰ ਪੰਨੇ ਵਿੱਚ ਦਿਓ:*

6 ਮਨਜੀਤ ਨੂੰ ਜਦੋਂ ਮੈਂ ਸੱਚੀਆਂ ਸੱਚੀਆਂ ਸੁਣਾਈਆਂ ਤਾਂ ਉਸ ਨੂੰ ਖੂਬ ____________ ਲੱਗੀਆਂ।

7 ਜਦੋਂ ਦੋਵੇਂ ਭਰਾ ਆਪਸ ਵਿੱਚ ਬਹਿਸਦੇ ਸਨ ਤਾਂ ਮਨਜੀਤ ਉਨਾਂ ਦੇ ਮਸਲੇ ਵਿੱਚ ਐਵੇਂ ਹੀ ____________________ ਸੀ।

8 ਸੁਰਜੀਤ ਨੇ ਮੇਰੇ ਕੋਲੋਂ ਪੈਸੇ ਉਧਾਰ ਲਏ ਸਨ। ਜਦੋਂ ਵੀ ਮੈਂ ਪੈਸੇ ਮੋੜਨ ਲਈ ਕਹਿੰਦਾ ਹਾਂ ਤਾਂ ਅੱਗੋਂ ____________ ਹੈ।

9 ਹੁਣ ਦੋਹਾਂ ਭੈਣਾਂ ਦੀ ਆਪਸ ਵਿੱਚ ਬਣਨ ਲੱਗ ਪਈ ਹੈ ਤਾਂ ਕਿਰਨ ਨੂੰ ਇਸ ਤਰ੍ਹਾਂ ਪਿੱਛੇ ਕੀਤਾ ਹੋਇਆ ਹੈ ਜਿਸ ਤਰ੍ਹਾਂ ____________ ਦੇਈਦਾ ਹੈ।

10 ਵਿਦਿਆਰਥੀ ਇਮਤਿਹਾਨ ਪਾਸ ਕਰਨ ਲਈ ____________________ ਮਿਹਨਤ ਕਰਦੇ ਹਨ।

(1) ਅੱਖਾਂ ਵਿੱਚ ਰੜਕਣਾ

(2) ਸੁੱਤੀ ਕਲਾ ਜਗਾਉਣਾ

(3) ਵਾਲ ਵਾਲ ਬਚਣਾ

(4) ਟੰਗ ਅੜਾਉਣਾ

(5) ਅਲੂਣੀ ਸਿੱਲ ਚੱਟਣੀ

(6) ਦਿਨ ਰਾਤ ਇੱਕ ਕਰਨਾ

(7) ਮੂੰਹ ਦੀ ਖਾਣੀ

(8) ਮਿਰਚਾਂ ਲੱਗਣੀਆਂ

(9) ਖਾਣ ਨੂੰ ਪੈਣਾ

(10) ਮੱਖਣ ਵਿੱਚੋਂ ਵਾਲ ਕੱਢਣਾ

## A3 Sentence Transformation [10]

**ਵਾਕ ਵਟਾਂਦਰਾ**

*ਹੇਠ ਲਿਖੇ ਅਧੂਰੇ ਵਾਕਾਂ ਨੂੰ ਇਸ ਤਰ੍ਹਾਂ ਬਦਲੋ ਕਿ ਉਸ ਤੋਂ ਉੱਪਰ ਦਿੱਤੇ ਵਾਕ ਤੋਂ ਇਸ ਦਾ ਅਰਥ ਨਾ ਬਦਲੇ।*
*ਉੱਤਰ ਕੇਵਲ ਉੱਤਰ ਪੰਨੇ ਵਿੱਚ ਲਿਖੋ :*

11 ਮੇਰੀ ਭੈਣ ਦਾ ਵਿਆਹ ਹੈ ਇਸ ਕਰਕੇ ਮੈਂ ਅਗਲੇ ਹਫਤੇ ਸਕੂਲ ਨਹੀਂ ਆ ਸਕਦਾ।

ਅਗਲੇ ਹਫਤੇ ਮੈਂ ਸਕੂਲ ------- ________________________________________ ।

12 ਥੋੜ੍ਹੀ ਤਨਖ਼ਾਹ ਨਾਲ ਅੱਜ ਕਲ੍ਹ ਮਹਿੰਗਾਈ ਵਿੱਚ ਗੁਜ਼ਾਰਾ ਕਰਨਾ ਬਹੁਤ ਔਖਾ ਹੈ।

ਅੱਜ ਕਲ੍ਹ ਮਹਿੰਗਾਈ ਇੰਨੀ ਹੈ ________________________________________ ।

13 ਮੇਰੇ ਓ ਲੈਵਲ ਦੇ ਇਮਤਿਹਾਨਾਂ ਕਾਰਨ ਇਸ ਸਾਲ ਅਸੀਂ ਭਾਰਤ ਨਹੀਂ ਜਾਵਾਂਗੇ।

ਅਸੀਂ ਇਸ ਸਾਲ ਭਾਰਤ ਨਹੀਂ ਜਾਵਾਂਗੇ ਕਿਉਂਕਿ ________________________________ ।

14 ਜਦੋਂ ਮੈਨੂੰ ਅਨਿਲ ਦੇ ਪਾਸ ਹੋਣ ਬਾਰੇ ਪਤਾ ਲੱਗਾ ਤਾਂ ਮੈਂ ਬਹੁਤ ਖੁਸ਼ ਹੋਇਆ।

ਅਨਿਲ ਦੇ ਪਾਸ ਹੋਣ ਦੀ ਖਬਰ ________________________________________ ।

15 ਭਾਰਤ ਵਿੱਚ ਵਿਕਾਸ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਰਿਸ਼ਵਤਖੋਰੀ ਨੂੰ ਨੱਥ ਪਾਈ ਜਾਵੇ।

ਭਾਰਤ ਵਿੱਚ ਵਿਕਾਸ ਵਾਸਤੇ ਰਿਸ਼ਵਤਖੋਰੀ ________________________________ ।

© UCLES & MOE 2006

## A4 Cloze Passage [20]

**ਵਾਰਤਕ ਅੰਸ਼ (ਕਲੋਜ਼)**

***ਇਸ ਵਾਰਤਕ ਅੰਸ਼ ਵਿੱਚ ਖਾਲੀ ਥਾਂਵਾਂ ਭਰਨ ਲਈ ਉੱਚਿਤ ਸ਼ਬਦ/ਪਦ ਹੇਠਾਂ ਦਿੱਤੇ ਗਏ ਹਨ । ਹਰ ਖਾਲੀ ਥਾਂ ਭਰਨ ਲਈ ਉੱਚਿਤ ਸ਼ਬਦ/ਪਦ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ ।***

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੋਬਾਇਲ ਫੋਨ ਨੇ ਲੱਖਾਂ ਹੀ ___16___ ਦੀ ਜ਼ਿੰਦਗੀ ਬਦਲ ਦਿੱਤੀ ਹੈ । ਨਵੀਂ ਪੀੜ੍ਹੀ ਨੇ ਨਵੀਆਂ ਤਕਨੀਕਾਂ ਦੀ ਵਰਤੋਂ ਕਰਨੀ ਆਪਣੇ ___17___ ਦੇ ਮੁਕਾਬਲੇ ਜਲਦੀ ਸਿੱਖ ਲਈ ਹੈ । ਰਸਮੀ ਤੌਰ ਤੇ ਫੋਨ ਤੇ ਬੋਲ ਕੇ ਛੱਡੇ ਜਾਣ ਵਾਲੇ ਸੁਨੇਹਿਆਂ ਵਿੱਚ ਇਨ੍ਹਾਂ ਨੇ ਲਿਖ ਕੇ ਭੇਜੇ ਜਾਣ ਵਾਲੇ ਸੁਨੇਹਿਆਂ ਦਾ ___18___ ਕੀਤਾ ਹੈ ਅਤੇ ਹੁਣ ਲਿਖ ਕੇ ਸੁਨੇਹੇਂ ਭੇਜਣਾ ਦੁਨੀਆਂ ਦਾ ਸਭ ਤੋਂ ___19___ ਸੰਚਾਰ- ਸਾਧਨ ਬਣ ਚੁੱਕਾ ਹੈ । ਇਹ ਇੱਕ ਆਮ ਜਿਹੀ ਗੱਲ ਹੈ ਕਿ ਤੁਸੀਂ ਨੌਜਵਾਨਾਂ ਨੂੰ ___20___ ਵਿੱਚ ਆਪਣੇ ਸੈੱਲ ਫੋਨ ਵੱਲ ਦੇਖਦੇ, ਡਾਇਲਪੈਡ ਤੇ ਛੇਤੀ-ਛੇਤੀ ਆਪਣੇ ਸੁਨੇਹੇਂ ਲਿਖਦੇ ਜਾਂ ਪੜ੍ਹਦੇ ਵੇਖ ਸਕਦੇ ਹੋ । ਇਨ੍ਹਾਂ ਨੌਜਵਾਨਾਂ ਵਲੋਂ ਲਿਖ ਕੇ ਸੁਨੇਹੇ ਭੇਜਣ ਦੀ ਰਫਤਾਰ ___21___ ਹੈ । ਉਨ੍ਹਾਂ ਨੌਜਵਾਨਾਂ ਲਈ ਜਿਹੜੇ ਕਿ ਕੋਈ ਕਮਾਈ ਨਹੀਂ ਕਰਦੇ ਕਿਸੇ ਨੂੰ ਟੈਲੀਫੋਨ ਕਰਨ ਦੀ ਬਜਾਏ ਲਿਖ ਕੇ ਸੁਨੇਹਾ ਭੇਜਣ ਦਾ ਇੱਕ ਵੱਡਾ ਲਾਭ ਇਹ ਹੈ ਕਿ ਇਹ ਬਹੁਤ ___22___ ਪੈਂਦਾ ਹੈ । ਫਿਰ ਵੀ ਇਸ ਸਬੰਧੀ ਕੁਝ ਫਿਕਰ ਵੀ ਹਨ । ਕੁਝ ਸਾਇੰਸਦਾਨ ਸੋਚਦੇ ਹਨ ਕਿ ਟੈਲੀਫੋਨ ਰਾਹੀਂ ਲਿਖ ਕੇ ਭੇਜੇ ਜਾਣ ਵਾਲੇ ਸੁਨੇਹਿਆਂ ਨੇ ਸੋਲਾਂ ਸਾਲ ਦੇ ਨੌਜਵਾਨਾਂ ਵਿੱਚੋਂ ਲੱਗ ਭਗ ___23___ ਦੀ ਨੀਂਦ ਨੂੰ ਪ੍ਰਭਾਵਿਤ ਕੀਤਾ ਹੈ । ਕੁਝ ਨੌਜਵਾਨ ਆਪਣਾ ਫੋਨ ਸੌਣ ਵੇਲੇ ਕੋਲ ਰੱਖਦੇ ਹਨ ਅਤੇ ਆਉਣ ਵਾਲੇ ਸੁਨੇਹੇਂ ਨੂੰ ਉਸੇ ਵੇਲੇ ਹੀ ਦੇਖਦੇ ਹਨ । ਇਸ ਤਰ੍ਹਾਂ ਸਾਇੰਸਦਾਨਾਂ ਅਨੁਸਾਰ ਨੌਜਵਾਨਾਂ ਨੂੰ ਚੰਗੀ ਤਰ੍ਹਾਂ ___24___ ਆਉਣ ਦੇ ਪੈਟਰਨ ਵਾਸਤੇ ਰਾਤ ਨੂੰ ਟੀ ਵੀ ਤੇ ਲੇਟ ਦਿਖਾਏ ਜਾਣ ਵਾਲੇ ਪ੍ਰੋਗਰਾਮਾਂ ਨਾਲੋਂ ਟੈਲੀਫੋਨ ਰਾਹੀਂ ਭੇਜੇ ਜਾਣ ਵਾਲੇ ਸੁਨੇਹਿਆਂ ਤੋਂ ਵਧੇਰੇ ਖਤਰਾ ਹੈ । ਕਿਉਂਕਿ ਟੀ ਵੀ ਤੇ ਰਾਤ ਨੂੰ ਲੇਟ ਦਿਖਾਏ ਜਾਣ ਵਾਲੇ ਪ੍ਰੋਗਰਾਮ ਸਿਰਫ ਇਨ੍ਹਾਂ ਅੱਲੜ੍ਹ ਮੁੰਡੇ-ਕੁੜੀਆਂ ਦੇ ਸੌਣ ਦੇ ਸਮੇਂ ਨੂੰ ਹੀ ਪ੍ਰਭਾਵਿਤ ਕਰਦੇ ਹਨ ਜਦੋਂ ਕਿ ਮੋਬਾਇਲ ਫੋਨ ਉਨ੍ਹਾਂ ਦੀ ਨੀਂਦ ਵਿੱਚ ___25___ ਵੀ ਪਾਉਂਦੇ ਹਨ ।

| | | | | | |
|---|---|---|---|---|---|
| **(1)** | ਮਾਪਿਆਂ | **(2)** | ਘਟੀਆ | **(3)** | ਲੋਕਾਂ |
| **(4)** | ਦੇਰ | **(5)** | ਨੀਂਦ | **(6)** | ਸਸਤਾ |
| **(7)** | ਅੱਧਿਆਂ | **(8)** | ਅਸਰ | **(9)** | ਮਸ਼ਹੂਰ |
| **(10)** | ਗਲੀਆਂ | **(11)** | ਵਿਘਨ | **(12)** | ਸੌਣ |
| **(13)** | ਹੈਰਾਨੀਜਨਕ | **(14)** | ਪ੍ਰੋਗਰਾਮ | **(15)** | ਵਾਧਾ |

## Section B

### ਭਾਗ (ਅ)

*ਹੇਠ ਦਿੱਤੇ ਗਏ ਵਾਰਤਕ ਅੰਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸਵਾਲਾਂ ਦੇ ਜਵਾਬ ਦਿਓ:*

ਏਸ਼ੀਅਨ ਹਾਥੀ

ਏਸ਼ੀਅਨ ਹਾਥੀ ਅਫਰੀਕਨ ਨਸਲ ਦੇ ਹਾਥੀਆਂ ਨਾਲੋਂ ਉਨ੍ਹਾਂ ਦੇ ਛੋਟੇ ਆਕਾਰ, ਉੱਚੀ ਪਿੱਠ, ਛੋਟੇ ਦੰਦਾਂ ਅਤੇ ਛੋਟੇ ਕੰਨਾਂ ਕਰਕੇ ਵੱਖਰੇ ਹੁੰਦੇ ਹਨ। ਇਹ ਹਾਥੀ ਆਮ ਤੌਰ ਤੇ ਭਾਰਤ ਵਿੱਚ ਨੀਵੀਂ ਧਰਤੀ ਵਿੱਚਲੇ ਜੰਗਲਾਂ ਤੋਂ ਲੈ ਕੇ ਸਮਾਟਰਾ ਤੱਕ ਦੇ ਖੇਤਰ ਵਿੱਚ ਰਹਿੰਦੇ ਹਨ। ਇਹ ਆਮ ਤੌਰ ਤੇ 5 ਤੋਂ ਲੈਕੇ 20 ਤੱਕ ਦੇ ਵੱਡੇ ਪਰਿਵਾਰ ਵਿੱਚ ਰਹਿੰਦੇ ਹਨ ਜਿਸ ਦੀ ਅਗਵਾਈ ਇੱਕ ਸਿਆਣੀ ਹਥਣੀ ਵੱਲੋਂ ਕੀਤੀ ਜਾਂਦੀ ਹੈ।

ਏਸ਼ੀਅਨ ਹਾਥੀ ਨੀਵੀਂਆਂ ਥਾਵਾਂ ਵਾਲੇ ਜੰਗਲਾਂ ਦੇ ਸਿਰਿਆਂ ਤੇ ਜਲਦੀ ਉੱਗਣ ਵਾਲੀ ਹਰਿਆਵਲ ਖਾਂਦੇ ਹਨ। ਇਹ ਫਲ ਖਾਣੇ ਵੀ ਪਸੰਦ ਕਰਦੇ ਹਨ ਅਤੇ ਫਲ ਲਾਹੁਣ ਲਈ ਦਰਖਤਾਂ ਨੂੰ ਪੁੱਟ ਕੇ ਥੱਲੇ ਸੁੱਟ ਦਿੰਦੇ ਹਨ। ਕਿਉਂਕਿ ਹਾਥੀ ਖਾਣ ਤੋਂ ਬਾਦ ਬਰਬਾਦੀ ਦੀ ਪੈੜ ਛੱਡਦੇ ਜਾਂਦੇ ਹਨ ਇਨ੍ਹਾਂ ਤੇ ਕਈ ਵਾਰ ਤਬਾਹੀ ਮਚਾਉਣ ਦਾ ਦੋਸ਼ ਵੀ ਲਗਾਇਆ ਜਾਂਦਾ ਹੈ। ਜੰਗਲਾਂ ਵਿੱਚ ਲਿਤਾੜੇ ਹੋਏ ਵੇਲ ਬੂਟੇ ਜੰਗਲੀ ਗਾਂਵਾਂ, ਬੱਕਰੀਆਂ ਅਤੇ ਹਿਰਨਾਂ ਨੂੰ ਖਾਣ ਵਾਸਤੇ ਮਿਲ ਜਾਂਦੇ ਹਨ, ਜਿਹੜੇ ਕਿ ਹਾਥੀਆਂ ਦੇ ਝੁੰਡ ਦੇ ਪਿੱਛੇ-ਪਿੱਛੇ ਚੱਲ ਕੇ ਹਾਥੀਆਂ ਦੇ ਬਾਕੀ ਛੱਡੇ ਹੋਏ ਭੋਜਨ ਨਾਲ ਆਪਣਾ ਢਿੱਡ ਭਰ ਸਕਦੇ ਹਨ। ਹਾਥੀਆਂ ਨੂੰ ਘੁੰਮਣ ਫਿਰਨ ਵਾਸਤੇ ਬਹੁਤ ਖੁੱਲ੍ਹੇ ਇਲਾਕੇ ਦੀ ਲੋੜ ਹੁੰਦੀ ਹੈ ਤਾਂ ਕਿ ਤਬਾਹ ਕੀਤੇ ਹੋਏ ਜ਼ਮੀਨ ਦੇ ਟੁਕੜਿਆਂ ਨੂੰ ਦੋਬਾਰਾ ਹਰੇ ਭਰੇ ਹੋਣ ਦਾ ਮੌਕਾ ਮਿਲ ਸਕੇ।

ਇੱਕ ਹਾਥੀ ਇੱਕ ਦਿਨ ਵਿੱਚ ਲੱਗ ਭਗ ਇੱਕ ਸੌ ਪੰਜਾਹ ਕਿਲੋ ਭੋਜਨ ਖਾਂਦਾ ਹੈ ਅਤੇ ਸੱਤਰ ਤੋਂ ਨੱਬੇ ਲਿਟਰ ਤੱਕ ਪਾਣੀ ਪੀਂਦਾ ਹੈ। ਏਸ਼ੀਅਨ ਹਾਥੀਆਂ ਨੂੰ ਗਰਮੀ ਚੰਗੀ ਨਹੀਂ ਲਗਦੀ ਅਤੇ ਦੁਪਹਿਰ ਵੇਲੇ ਇਹ ਜੰਗਲ ਦੇ ਰੁੱਖਾਂ ਦੀ ਸੰਘਣੀ ਛਾਂ ਲੱਭਦੇ ਹਨ। ਅਫਰੀਕਨ ਹਾਥੀਆਂ ਦੇ ਮੁਕਾਬਲੇ ਜਿਨ੍ਹਾਂ ਦੇ ਕੰਨ ਵੱਡੇ ਹੁੰਦੇ ਹਨ, ਏਸ਼ੀਅਨ ਹਾਥੀ ਆਪਣੇ ਸਰੀਰ ਨੂੰ ਠੰਡਾ ਰੱਖਣ ਵਿੱਚ ਬਹੁਤੇ ਕਾਮਯਾਬ ਨਹੀਂ ਹੁੰਦੇ।

ਹਾਥੀਆਂ ਦੀ ਹਰੇ ਭਰੇ ਵੇਲ ਬੂਟਿਆਂ ਨੂੰ ਖਾਣ ਦੀ ਰੁਚੀ ਕਾਰਨ ਜਿੱਥੇ ਵੀ ਲੋਕ ਰਹਿੰਦੇ ਹਨ ਇਨ੍ਹਾਂ ਨਾਲ ਟੱਕਰ ਹੁੰਦੀ ਰਹਿੰਦੀ ਹੈ। ਇੰਡੋਨੇਸ਼ੀਆ ਵਿੱਚ ਹਾਥੀ ਇੱਕ ਅਸਾਧਾਰਣ ਸਥਿਤੀ ਵਿੱਚ ਹਨ ਕਿਉਂਕਿ ਇੱਥੇ ਇਨ੍ਹਾਂ ਨੂੰ ਸੁਰੱਖਿਅਤ ਰੱਖੇ ਜਾਣ ਵਾਲੇ ਜਾਨਵਰ ਦਾ ਦਰਜਾ ਦੇਣ ਦੇ ਨਾਲ ਨਾਲ ਦੁਸ਼ਮਣ ਵੀ ਸਮਝਿਆ ਜਾਂਦਾ ਹੈ। ਕਿਸਾਨਾਂ ਨੂੰ ਸੁਰੱਖਿਆ ਦੇਣ ਵਾਸਤੇ ਬਹੁਤ ਸਾਰੇ ਢੰਗਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਕਿ ਹਾਥੀਆਂ ਨੂੰ ਹੋਰ ਇਲਾਕਿਆਂ ਵਿੱਚ ਰੱਖਣਾ ਜਾਂ ਬਿਜਲੀ ਵਾਲੀਆਂ ਵਾੜਾਂ ਕਰਨੀਆਂ, ਪਰ ਅਜਿਹੇ ਯਤਨਾਂ ਨੂੰ ਕਦੇ ਕਾਮਯਾਬੀ ਮਿਲੀ ਹੈ ਕਦੇ ਨਹੀਂ।

ਥਾਈਲੈਂਡ ਵਿੱਚ ਹਾਥੀਆਂ ਨੂੰ ਪਾਲਤੂ ਬਣਾ ਕੇ ਰੱਖਣ ਦਾ ਰਿਵਾਜ਼ ਬਹੁਤ ਹੀ ਪੁਰਾਣਾ ਹੈ। ਇੱਥੇ ਦੇ ਹਾਥੀਆਂ ਦੀ ਸਰੀਰਕ ਸ਼ਕਤੀ, ਲੰਬੀ ਉਮਰ ਅਤੇ ਤੀਖਣ ਬੁੱਧੀ ਕਾਰਨ ਇਨ੍ਹਾਂ ਨੂੰ ਭਾਰ ਢੋਣ ਦਾ ਬਹੁ-ਮੁੱਲਾ ਸਾਧਨ ਸਮਝਿਆ ਜਾਂਦਾ ਹੈ। ਉਂਝ ਇੱਥੋਂ ਦੇ ਹਾਥੀ ਸਹੀ ਅਰਥਾਂ ਵਿੱਚ ਘਰ ਵਿੱਚ ਪਾਲੇ ਜਾਣ ਵਾਲੇ ਜਾਨਵਰ ਨਹੀਂ ਕਹੇ ਜਾ ਸਕਦੇ ਕਿਉਂਕਿ ਮਨੁੱਖੀ ਬੰਧਨ ਵਿੱਚ ਹਾਥੀ ਘੱਟ ਹੀ ਬੱਚੇ ਪੈਦਾ ਕਰਦੇ ਹਨ।

**B5 MCQ Comprehension** [14]

**ਸਮਝਣਾ - ਬਹੁਵਿਕਲਪੀ ਸੁਆਲ**

*ਵਾਰਤਾ ਦੇ ਆਧਾਰ ਤੇ ਹੇਠ ਲਿਖੇ ਸਵਾਲਾਂ ਦੇ ਚਾਰ- ਚਾਰ ਉੱਤਰ ਸੁਝਾਏ ਗਏ ਹਨ। ਠੀਕ ਉੱਤਰ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ :*

**26** ਏਸ਼ੀਅਨ ਹਾਥੀ ਅਫਰੀਕਨ ਨਸਲ ਦੇ ਹਾਥੀ ਨਾਲੋਂ ਵੱਖਰਾ ਹੁੰਦਾ ਹੈ ਕਿਉਂਕਿ

**(1)** ਇਸ ਦੇ ਕੰਨ ਵੱਡੇ ਹੁੰਦੇ ਹਨ ਅਤੇ ਦੰਦ ਛੋਟੇ ਹੁੰਦੇ ਹਨ।

**(2)** ਇਹ ਆਮ ਤੌਰ ਤੇ ਛੋਟਾ ਹੁੰਦਾ ਹੈ ਅਤੇ ਇਸ ਦੇ ਦੰਦ ਛੋਟੇ ਹੁੰਦੇ ਹਨ।

**(3)** ਇਹ ਵੱਡਾ ਹੁੰਦਾ ਹੈ ਅਤੇ ਇਸ ਦੇ ਦੰਦ ਵੱਡੇ ਹੁੰਦੇ ਹਨ ।

**(4)** ਇਸ ਦੇ ਕੰਨ ਛੋਟੇ ਹੁੰਦੇ ਹਨ ਅਤੇ ਦੰਦ ਵੱਡੇ ਹੁੰਦੇ ਹਨ।

© UCLES & MOE 2006

27 ਏਸ਼ੀਅਨ ਹਾਥੀ ਪਸੰਦ ਕਰਦਾ ਹੈ ਕਿ ਉਹ

(1) ਵੀਹ ਤੱਕ ਹਾਥੀਆਂ ਦੇ ਝੁੰਡ ਵਿੱਚ ਰਹੇ।

(2) ਵੀਹ ਤੋਂ ਵੱਧ ਹਾਥੀਆਂ ਦੇ ਝੁੰਡ ਵਿੱਚ ਰਹੇ।

(3) ਇੱਕ ਹਥਣੀ ਨਾਲ ਰਹੇ।

(4) ਆਪਣੇ ਪਰਿਵਾਰ ਦੇ ਪੰਜ ਤੋਂ ਘੱਟ ਜੀਆਂ ਨਾਲ ਰਹੇ।

28 ਹੋਰ ਜਾਨਵਰ

(1) ਹਾਥੀਆ ਦੇ ਖਾਣ ਤੋਂ ਪਹਿਲਾਂ ਹੀ ਸਬਜ਼ੀਆਂ ਖਾ ਲੈਂਦੇ ਹਨ।

(2) ਭੋਜਨ ਤੱਕ ਪਹੁੰਚਣ ਲਈ ਦਰੱਖਤਾਂ ਦੀ ਬਰਬਾਦੀ ਕਰਦੇ ਹਨ।

(3) ਹਾਥੀਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਨੱਠ ਜਾਂਦੇ ਹਨ।

(4) ਹਾਥੀਆਂ ਤੋਂ ਬਚਿਆ ਹੋਇਆ ਖਾਣਾ ਖਾਂਦੇ ਹਨ।

29 ਏਸ਼ੀਅਨ ਹਾਥੀ

(1) ਸਰੀਰਕ ਤੌਰ ਤੇ ਗਰਮੀ ਦਾ ਮੁਕਾਬਲਾ ਕਰਨ ਦੇ ਬਹੁਤੇ ਯੋਗ ਨਹੀਂ ਹੁੰਦੇ।

(2) ਅਫਰੀਕਨ ਹਾਥੀਆਂ ਨਾਲੋਂ ਵੱਧ ਖਾਂਦੇ ਅਤੇ ਵੱਧ ਪਾਣੀ ਪੀਂਦੇ ਹਨ।

(3) ਦੇ ਕੰਨ ਛੋਟੇ ਹੁੰਦੇ ਹਨ ਜਿਹੜੇ ਕਿ ਉਨ੍ਹਾ ਦੇ ਸਰੀਰ ਨੂੰ ਠੰਡਾ ਰੱਖਦੇ ਹਨ।

(4) ਦੁਪਹਿਰ ਵੇਲੇ ਹੋਰ ਥਾਂ ਤੇ ਜਾਣ ਨੂੰ ਪਹਿਲ ਦਿੰਦੇ ਹਨ।

30 ਇੰਡੋਨੇਸ਼ੀਆ ਦੇ ਕਿਸਾਨਾਂ ਨੂੰ ਹਾਥੀਆਂ ਤੋਂ ਸੁਰੱਖਿਆ ਪ੍ਰਦਾਨ ਕਰਨ ਦੇ ਯਤਨਾਂ ਨੂੰ

(1) ਹਮੇਸ਼ਾਂ ਕਾਮਯਾਬੀ ਮਿਲੀ ਹੈ।

(2) ਕਦੇ ਵੀ ਕਾਮਯਾਬੀ ਨਹੀਂ ਮਿਲੀ।

(3) ਅੰਤ ਵਿੱਚ ਕਾਮਯਾਬੀ ਮਿਲੀ ਹੈ।

(4) ਕਦੇ ਕਦੇ ਕਾਮਯਾਬੀ ਮਿਲੀ ਹੈ।

31 ਇੰਡੋਨੇਸ਼ੀਆ ਵਿੱਚ

(1) ਲੋਕਾਂ ਨੇ ਹਾਥੀਆਂ ਨੂੰ ਹਮੇਸ਼ਾ ਆਪਣਾ ਦੁਸ਼ਮਣ ਸਮਝਿਆ ਹੈ।

(2) ਹਾਥੀਆਂ ਨੂੰ ਦੋਸਤ ਵੀ ਸਮਝਿਆ ਜਾਂਦਾ ਹੈ ਅਤੇ ਦੁਸ਼ਮਣ ਵੀ।

(3) ਕਿਸਾਨਾਂ ਨੇ ਫਲ ਉਗਾਉਣੇ ਬੰਦ ਕਰ ਦਿੱਤੇ ਹਨ।

(4) ਸਭ ਲੋਕ ਹਾਥੀਆਂ ਦੀ ਸੁਰੱਖਿਆ ਵਾਸਤੇ ਬਹੁਤ ਕੋਸ਼ਿਸ਼ ਕਰਦੇ ਹਨ।

32 ਥਾਈਲੈਂਡ ਵਿੱਚ

(1) ਹਾਥੀਆਂ ਨੂੰ ਸਿਰਫ ਘਰਾਂ ਵਿੱਚ ਰੱਖਿਆ ਜਾਂਦਾ ਹੈ।

(2) ਹਾਥੀਆਂ ਨੂੰ ਕੈਦ ਕਰਕੇ ਰੱਖਿਆ ਜਾਦਾ ਹੈ।

(3) ਹਾਥੀ ਮੁੱਖ ਤੌਰ ਤੇ ਕੰਮ ਕਰਨ ਵਾਲੇ ਜਾਨਵਰ ਹਨ।

(4) ਹਾਥੀ ਆਪਣੀ ਤੀਖਣ ਬੁੱਧੀ ਕਰਕੇ ਮਹਿੰਗੇ ਭਾਅ ਵਿਕਦੇ ਹਨ।

© UCLES & MOE 2006

## Section C

### ਭਾਗ (ੲ)

*ਹੇਠ ਦਿੱਤੇ ਗਏ ਵਾਰਤਕ ਅੰਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸਵਾਲਾਂ ਦੇ ਉੱਤਰ ਜਿਥੇ ਤੱਕ ਸੰਭਵ ਹੋਵੇ, ਆਪਣੇ ਸ਼ਬਦਾਂ ਵਿੱਚ ਦਿਓ:*

ਮਾਕਾਸਾਰ ਦੀ ਬੰਦਰਗਾਹ ਤੋਂ ਅਠਾਰਾਂ ਸਾਲ ਦਾ ਇੱਕ ਅੰਗ੍ਰੇਜ਼ ਨੌਜਵਾਨ ਦੂਰ-ਦੁਰਾਡੇ ਵਾਲੇ ਬਾਂਦਾ ਟਾਪੂਆਂ ਤੇ ਜਾਣ ਲਈ ਸਮੁੰਦਰੀ ਜਹਾਜ਼ ਵਿੱਚ ਸਵਾਰ ਹੋ ਗਿਆ। ਉਸ ਨੂੰ ਇਸ ਖਤਰਨਾਕ ਸਮੁੰਦਰੀ ਸਫਰ ਤੇ ਜਾਣ ਦਾ ਚਾਅ ਨਹੀਂ ਸੀ ਪਰ ਉਸ ਨੇ ਇਹ ਟਾਪੂ ਦੇਖਣ ਦਾ ਪੱਕਾ ਇਰਾਦਾ ਬਣਾਇਆ ਹੋਇਆ ਸੀ ਕਿਉਂਕਿ ਇਨ੍ਹਾਂ ਦਾ ਇੰਡੋਨੇਸ਼ੀਆ ਦੇ ਪੁਰਾਤਨ ਇਤਿਹਾਸ ਵਿੱਚ ਮਹੱਤਵਪੂਰਨ ਰੋਲ ਹੈ। ਸਤਾਰਵੀਂ ਸਦੀ ਵਿੱਚ ਇਹ ਜਾਇਫਲ ਦੇ ਵਪਾਰ ਲਈ ਯੂਰਪੀਅਨਾਂ ਦੀ ਦਿਲਚਸਪੀ ਦਾ ਕੇਂਦਰ ਸਨ ਜਿਸਨੂੰ ਕਿ ਖਾਣਾ ਪਕਾਉਣ ਵਿੱਚ ਮਸਾਲੇ ਵਜੋਂ ਵਰਤਿਆ ਜਾਂਦਾ ਸੀ।

ਨੌਜਵਾਨ ਯਾਤਰੀ ਭੀੜ ਵਿੱਚੋਂ ਧੱਕੇ ਨਾਲ ਲੰਘ ਗਿਆ ਅਤੇ ਉਸ ਨੇ ਆਪਣੀ ਨਿੱਕੀ ਜਿਹੀ ਕੈਬਿਨ ਲੱਭ ਲਈ। ਉਸ ਨੇ ਦੇਖਿਆ ਕਿ ਮੁਸਾਫਰਾਂ ਵਿੱਚ ਕੁਝ ਬੱਚੇ ਅਤੇ ਕਿਸ਼ੋਰ ਵੀ ਹਨ ਜਿਹੜੇ ਥੋੜ੍ਹਾ ਜਿਹਾ ਡਰੇ ਹੋਏ ਲਗਦੇ ਹਨ ਜਿਵੇਂ ਕਿ ਉਹ ਪਹਿਲੀ ਵਾਰੀ ਘਰ ਤੋਂ ਬਾਹਰ ਦੂਰ ਯਾਤਰਾ ਤੇ ਆਏ ਹੋਣ। ਉਹ ਹੈਰਾਨ ਸੀ ਕਿ ਜਹਾਜ਼ ਵਿੱਚ ਬਹੁਤੇ ਯਾਤਰੀ ਚੁੱਪਚਾਪ ਆਪਣੇ ਰੋਜ਼ਾਨਾ ਕੰਮ ਕਾਰ ਕਰੀ ਜਾ ਰਹੇ ਸਨ ਅਤੇ ਉਨ੍ਹਾਂ ਨੂੰ ਸਫਰ ਦੇ ਖਤਰਿਆਂ ਬਾਰੇ ਕੋਈ ਫਿਕਰ ਨਹੀਂ ਸੀ। ਸਭ ਤੋਂ ਵੱਧ ਅਰਾਮਦੇਹ ਕੈਬਿਨਾਂ ਵਿੱਚੋਂ ਇੱਕ ਕੈਬਿਨ ਮੋਤੀਆਂ ਦੇ ਇੱਕ ਵਪਾਰੀ ਨੇ ਮੱਲੀ ਹੋਈ ਸੀ ਜਿਸਦੇ ਦੰਦ ਉੱਚੇ-ਨੀਵੇਂ ਸਨ ਅਤੇ ਉਸ ਨੇ ਸਾਰੋਂਗ ਪਾਇਆ ਹੋਇਆ ਸੀ। ਉਹ ਮੋਤੀਆਂ ਦੇ ਇੱਕ ਡੱਬੇ ਦੀ ਰਾਖੀ ਕਰਨ ਵਾਸਤੇ ਉਸਤੇ ਆਪਣੀ ਨਿਗਾਹ ਟਿਕਾਈ ਬੈਠਾ ਸੀ। ਬਹੁਤ ਵਧੀਆ ਮਟਰਾਂ ਦੇ ਦਾਣੇ ਜਿੱਡਾ ਇੱਕ ਕਾਲਾ ਮੋਤੀ ਮਾਣ ਨਾਲ ਆਪਣੇ ਹੱਥ ਵਿੱਚ ਫੜਦਿਆਂ ਉਸ ਨੇ ਕਿਹਾ "ਵਾਹ! ਬਹੁਤ ਸੁਹਣਾ!" ਯਾਤਰਾ ਦੇ ਸਾਰੇ ਰਸਤੇ ਦੌਰਾਨ ਹੱਟੇ-ਕੱਟੇ ਆਦਮੀ ਉਸਦੇ ਦਰਵਾਜ਼ੇ ਦੇ ਬਾਹਰ ਪਹਿਰਾ ਦੇ ਰਹੇ ਸਨ ਅਤੇ ਉਸਦੇ ਕੈਬਿਨ ਵਿੱਚ ਹੋਰ ਕਿਸੇ ਦੇ ਜਾਣ ਦੀ ਸਖਤ ਮਨਾਹੀ ਸੀ।

ਦੂਜੇ ਦਿਨ ਜਦੋਂ ਯਾਤਰੀ ਬਾਂਦਾ ਟਾਪੂਆਂ ਦੀ ਮੁੱਖ ਬੰਦਰਗਾਹ ਤੇ ਪਹੁੰਚ ਗਿਆ ਤਾਂ ਉਸਨੇ ਸੁੱਖ ਦਾ ਸਾਹ ਲਿਆ। ਉੱਥੇ ਉਹ ਤਾਨੀਆ ਨੂੰ ਮਿਲਿਆ ਜਿਸਦਾ ਪਰਿਵਾਰ ਇੱਥੇ ਇੱਕ ਹੋਟਲ ਚਲਾ ਰਿਹਾ ਸੀ। ਇਸ ਦੀ ਸ਼ਾਨਦਾਰ ਬਸਤੀ ਨੁਮਾ ਇਮਾਰਤ ਕਿਸੇ ਹਾਲੈਂਡ ਨਿਵਾਸੀ ਨੇ ਬਣਵਾਈ ਸੀ। ਸੂਰਜ ਡੁੱਬਣ ਵੇਲੇ ਸੰਤਰੀ-ਚਿੱਟੇ ਦੇਖਣਯੋਗ ਨਜ਼ਾਰੇ ਵਿੱਚ ਟਾਪੂਆਂ ਦੀ ਸੁੰਦਰਤਾ ਦੇ ਝਲਕਾਰੇ ਤੇ ਉਹ ਮੋਹਿਤ ਹੋ ਗਿਆ। ਤਾਨੀਆ ਨੇ ਉਸ ਨੂੰ ਦੱਸਿਆ ਕਿ ਉਨ੍ਹਾਂ ਦਾ ਵਪਾਰ ਇੰਨਾ ਮੰਦਾ ਰਿਹਾ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਉਨ੍ਹਾਂ ਕੋਲ ਰਹਿਣ ਵਾਲਾ ਉਹ ਪਹਿਲਾ ਮਹਿਮਾਨ ਹੈ।

ਕਿੰਨੀ ਮਾੜੀ ਗੱਲ ਹੈ। ਜਾਇਫਲ ਉੱਥੇ ਅਜੇ ਵੀ ਮਿਲਦਾ ਹੈ ਪਰ ਹੁਣ ਇਹ ਕੀਮਤੀ ਚੀਜ਼ ਨਹੀਂ ਰਹੀ ਅਤੇ ਕਿਸੇ ਵੀ ਵੱਡੇ ਵਪਾਰੀ ਵਲੋਂ ਇਸ ਵਿੱਚ ਰੁਚੀ ਦਿਖਾਉਣਾ ਬਹੁਤ ਕਠਿਨ ਹੋ ਗਿਆ ਹੈ।

## C6 OE Comprehension [36]

**ਸਮਝਣਾ - ਮੁਕਤ ਉੱਤਰ ਵਾਲੇ ਸਵਾਲ**

33 ਵਾਰਤਾ ਤੋਂ ਯਾਤਰੀ ਦੀ ਉਮਰ, ਨਾਗਰਿਕਤਾ ਅਤੇ ਯਾਤਰਾ ਦੇ ਵੇਰਵਿਆਂ ਬਾਰੇ ਕੀ ਜਾਣਕਾਰੀ ਮਿਲਦੀ ਹੈ ?

34 ਮੋਤੀਆਂ ਦੇ ਵਪਾਰੀ ਤੋਂ ਇਲਾਵਾ, ਲੇਖਕ ਨੇ ਹੋਰ ਯਾਤਰੀਆਂ ਬਾਰੇ ਕੀ ਦੱਸਿਆ ਹੈ ? ਚਾਰ ਗੱਲਾਂ ਲਿਖੋ।

35 ਮੋਤੀਆਂ ਦਾ ਵਪਾਰੀ ਕਿਹੋ ਜਿਹਾ ਲਗਦਾ ਸੀ ਅਤੇ ਉਹ ਕੀ ਕਰ ਰਿਹਾ ਸੀ ?

36 ਲੇਖਕ ਨੇ ਹੋਟਲ ਬਾਰੇ ਅਤੇ ਉਸ ਦੇ ਵਪਾਰ ਬਾਰੇ ਕੀ ਜਾਣਕਾਰੀ ਦਿੱਤੀ ਹੈ ?

37 ਵਾਰਤਾ ਅਨੁਸਾਰ ਟਾਪੂਆਂ ਤੇ ਸਤਾਰਵੀਂ ਸਦੀ ਤੋਂ ਹੁਣ ਤੱਕ ਜਾਇਫਲ ਦਾ ਵਪਾਰ ਕਿਸ ਤਰ੍ਹਾਂ ਬਦਲ ਗਿਆ ਹੈ ?

38 ਦੱਸੋ ਕਿ ਯਾਤਰੀ ਨੇ ਇਸ ਯਾਤਰਾ ਤੋਂ ਪਹਿਲਾਂ, ਯਾਤਰਾ ਦੇ ਦੌਰਾਨ ਅਤੇ ਬਾਅਦ ਵਿੱਚ ਕਿਸ ਤਰ੍ਹਾਂ ਪ੍ਰਤੀਤ ਕੀਤਾ ?

## C7 Vocabulary [10]

**ਸ਼ਬਦਾਰਥ**

*ਉਪਰੋਕਤ ਵਾਰਤਕ- ਅੰਸ਼ ਵਿੱਚ ਹੇਠ ਲਿਖੇ ਲਕੀਰੇ ਸ਼ਬਦ ਆਏ ਹਨ। ਉਨ੍ਹਾਂ ਦਾ ਅਰਥ ਲਿਖੋ ਜਿਵੇਂ ਉਹ ਵਾਰਤਕ-ਅੰਸ਼ ਵਿੱਚ ਵਰਤੇ ਗਏ ਹਨ।*

39 ਪੁਰਾਤਨ

40 ਹੱਟੇ-ਕੱਟੇ

41 ਸੁੱਖ ਦਾ ਸਾਹ

42 ਮਹਿਮਾਨ

43 ਕਠਿਨ

**End of Paper**

© UCLES & MOE 2006

**BLANK PAGE**

**BLANK PAGE**

**BLANK PAGE**

Permission to reproduce items where third-party owned material protected by copyright is included has been sought and cleared where possible. Every reasonable effort has been made by the publisher (UCLES) to trace copyright holders, but if any items requiring clearance have unwittingly been included, the publisher will be pleased to make amends at the earliest possible opportunity.

University of Cambridge International Examinations is part of the University of Cambridge Local Examinations Syndicate (UCLES), which is itself a department of the University of Cambridge.